بسم اللہ الرحمٰن الرحیم      نحمدہ و نصلی علی رسولہ الکریم      وعلی عبدہ المسیح الموعود

لا الٰہ الا اللہ محمد رسول اللہ

دفتر مجلس انصار اللہ بھارت

**Office Of The Majlis Ansarullah Bharat**

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in      **ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)**

# ਸਰਯਾ ਹਜ਼ਰਤ ਅਬੂ ਸਲਮਾ ਰਜ਼ੀ ਅੱਲਾਹ ਅੰਨਹੁ, ਸਰਯਾ ਹਜ਼ਰਤ ਅਬਦੁੱਲਾਹ ਬਿਨ ਅਨੀਸ ਰਜ਼ੀ ਅੱਲਾਹ ਅੰਨਹੁ ਅਤੇ ਸਰਯਾ ਰਜਿਅ ਦੀ ਰੋਸ਼ਨੀ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਦਾ ਜ਼ਿਕਰ ਅਤੇ ਰੱਬ ਦੀ ਰਾਹ ਵਿੱਚ ਕੈਦ ਹੋਣ ਵਾਲਿਆਂ ਅਤੇ ਫਲਸਤੀਨ ਦੇ ਮਜ਼ਲੂਮਾਂ ਲਈ ਦੁਆ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 10 ਅਪ੍ਰੈਲ 2024 ਮਸਜਿਦ ਮਬਾਰਕ, ਇਸਲਾਮਾਬਾਦ

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۔ بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعٰلَمِيْنَ ۔ الرَّحْمٰنِ الرَّحِيْمِ ۔ مٰلِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਅੱਜ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਜ਼ਮਾਨੇ ਦੇ ਕੁੱਝ ਸਰਯਾ ਦਾ ਜ਼ਿਕਰ ਕਰਾਂਗਾ। ਇਸ ਸੰਬੰਧ ਵਿੱਚ ਪਹਿਲਾਂ ਕਬੀਲਾ ਬਨੂ ਅਸਦ ਦੀਆਂ ਸ਼ਰਾਰਤਾਂ ਅਤੇ ਸਰਯਾ ਅਬੂ ਸਲਮਾ ਦਾ ਜ਼ਿਕਰ ਹੋਵੇਗਾ। ਸਰਯਾ ਉਸ ਨੂੰ ਕਹਿੰਦੇ ਹਨ, ਜਿਸ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਸ਼ਾਮਿਲ ਨਹੀਂ ਹੁੰਦੇ ਸਨ। ਪਰ ਆਪ ਹੋਰਾਂ ਨੂੰ ਮੁਹਿੰਮ ਲਈ ਭੇਜਦੇ ਸਨ। ਉਹਨਾਂ ਵਿੱਚ ਵੀ ਆਪ ਦੀ ਸੀਰਤ ਦੇ ਕੁੱਝ ਪਹਿਲੂ, ਆਪ ਦੀ ਹਿਕਮਤ, ਮੁਸਲਮਾਨਾਂ ਦੇ ਬਚਾਓ ਦਾ ਤਰੀਕਾ ਅਤੇ ਦੁਸ਼ਮਨ ਲਈ ਹਮਦਰਦੀ ਦਾ ਪ੍ਰਕਟਾਵਾ ਅਤੇ ਆਪ ਦੇ ਚਰਿਤ੍ਰ ਉੱਤੇ ਰੋਸ਼ਨੀ ਪੈਂਦੀ ਹੈ

ਸਰਯਾ ਅਬੂ ਸਲਮਾ ਮੁਹੱਰਮ 04 ਹਿਜਰੀ ਵਿੱਚ ਆਪ ਦੀ ਭੂਆ ਦੇ ਮੁੰਡੇ ਅਤੇ ਹਜ਼ਰਤ ਹਮਜ਼ਾ ਦੇ ਦੁੱਧ ਭਰਾ ਹਜ਼ਰਤ ਅਬੂ ਸਲਮਾ ਬਿਨ ਅਬਦੁੱਲ ਅਸਦ ਮੱਖਜ਼ੂਮੀ ਦੀ ਅਗਵਾਈ ਵਿੱਚ ਹੋਇਆ। ਜੋ ਜੰਗੇ ਬਦਰ ਅਤੇ ਓਹਦ ਵਿੱਚ ਵੀ ਸ਼ਾਮਿਲ ਸਨ। ਇਸ ਸਰਯਾ ਦਾ ਪਿਛੋਕੜ੍ਹ ਕੁੱਝ ਇੰਝ ਹੈ ਕਿ ਜੰਗੇ ਓਹਦ ਦੇ ਹਾਲਾਤਾਂ ਅਤੇ ਕਿੱਸਿਆਂ ਕਰਕੇ ਮਦੀਨਾ ਵਿੱਚ ਰਹਿਣ ਵਾਲੇ ਮੁਨਾਫ਼ਿਕ, ਯਹੂਦੀ ਅਤੇ ਮਦੀਨਾ ਦੇ ਆਲੇ ਦੁਆਲੇ ਰਹਿਣ ਵਾਲੇ ਕਬੀਲੀਆਂ ਦੇ ਦਿਲਾਂ ਵਿੱਚ ਵੀ ਇਹ ਖਿਆਲ ਆਉਣ ਲੱਗਿਆ ਕਿ ਮੁਸਲਮਾਨਾਂ ਨੂੰ ਛੇਤੀ ਖਤਮ ਕਰਨ ਦੀ ਪਲੈਨਿਗ ਕੀਤੀ ਜਾ ਸਕਦੀ ਹੈ। ਸੋ, ਸਭ ਤੋਂ ਪਹਿਲਾਂ ਕਬੀਲਾ ਬਨੂ ਅਸਦ ਬਿਨ ਖਜ਼ੀਮਾ ਨੇ ਮੁਸਲਮਾਨਾਂ ਉੱਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ। ਇਸ ਕਬੀਲੇ ਦੇ ਸਰਦਾਰ ਤਲਹਾ ਬਿਨ ਖੁਵੇਲਦ ਅਤੇ ਉਸ ਦੇ ਭਰਾ ਸਲਮਾ ਨੇ ਲੋਕਾਂ ਨੂੰ ਜਮ੍ਹਾਂ ਕਰਕੇ ਇੱਕ ਲਸ਼ਕਰ ਤਿਆਰ ਕਰ ਲਿਆ। ਬਨੂ ਅਸਦ ਦੇ ਇੱਕ ਆਦਮੀ ਕੈਸ ਬਿਨ ਹਾਰਸ ਬਿਨ ਉਮੈਰ ਨੇ ਆਪਣੀ ਕੌਮ ਨੂੰ ਮੁਸਲਮਾਨਾਂ ਉੱਤੇ ਹਮਲਾ ਕਰਨ ਦੀ ਨਸੀਹਤ ਕੀਤੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਜੱਦ ਇਸ ਹਮਲੇ ਦੀ ਖਬਰ ਪਹੁੰਚੀ ਤਾਂ ਆਪ ਨੇ ਫੈਸਲਾ ਕੀਤਾ ਕਿ ਉਹਨਾਂ ਦੇ ਹਮਲਾ ਕਰਨ ਤੋਂ ਪਹਿਲਾਂ ਮੁਸਲਮਾਨ ਆਪਣੀ ਰੱਖਿਆ ਲਈ ਉਹਨਾਂ ਦੇ ਇਲਾਕੇ ਉੱਤੇ ਚੜ੍ਹ ਜਾਣ। ਸੋ, ਆਪ ਨੇ 150 ਸਹਾਬੀਆਂ ਉੱਤੇ ਆਧਾਰਿਤ ਲਸ਼ਕਰ ਉਹਨਾਂ ਕਬੀਲੀਆਂ ਨੂੰ ਰੋਕਣ ਲਈ ਭੇਜਿਆ।

ਇਹ ਲਸ਼ਕਰ ਆਪਣੀ ਮੁਹਿੰਮ ਨੂੰ ਲੁਕੋਂਦੇ ਹੋਏ ਚਾਰ ਦਿਨ ਦਾ ਸਫ਼ਰ ਕਰਨ ਦੇ ਬਾਦ ਕੱਤਨ ਪਹਾੜ ਦੇ ਨੇੜੇ ਬਨੂ ਅਸਦ ਬਿਨ ਖੱਜ਼ੀਮ ਦੇ ਚਸ਼ਮੇ ਉੱਤੇ ਪਹੁੰਚ ਗਿਆ। ਉੱਥੇ ਪਹੁੰਚਦੇ ਹੀ ਹਮਲਾ ਕਰਕੇ ਉਹਨਾਂ ਦੇ ਜਾਨਵਰਾਂ

ਉੱਤੇ ਕਬਜ਼ਾ ਕਰ ਲਿਆ ਅਤੇ ਉਹਨਾਂ ਦੇ ਗਡਰੀਆਂ ਵਿੱਚੋਂ ਤਿੰਨ ਨੂੰ ਫੜ੍ਹ ਲਿਆ ਅਤੇ ਬਾਕੀ ਨੱਸਣ ਵਿੱਚ ਕਾਮਯਾਬ ਹੋ ਗਏ। ਉਹਨਾਂ ਭੱਜਣ ਵਾਲਿਆਂ ਨੇ ਬਨੂ ਅਸਦ ਨੂੰ ਹਮਲੇ ਦੀ ਖਬਰ ਦਿੰਦੇ ਹੋਏ ਬਹੁਤ ਵੱਧ ਚੜ੍ਹ ਕੇ ਦੱਸਿਆ ਅਤੇ ਮੁਸਲਮਾਨਾਂ ਦੇ ਲਸ਼ਕਰ ਦੀ ਗਿਣਤੀ ਬਹੁਤ ਵਧਾ ਚੜ੍ਹਾ ਕੇ ਬਿਆਨ ਕੀਤੀ। ਜਿਸ ਨਾਲ ਬਨੂ ਅਸਦ ਡਰ ਗਏ ਅਤੇ ਸੱਜੇ ਖੱਬੇ ਨੱਸਣ ਲੱਗ ਗਏ। ਹਜ਼ਰਤ ਅਬੂ ਸਲਮਾ ਨੇ ਉਹਨਾਂ ਨੂੰ ਲੱਭਣ ਲਈ ਆਪਣੇ ਸਾਥੀਆਂ ਨੂੰ ਭੇਜਾ। ਪਰ ਮੁਸਲਮਾਨਾਂ ਦਾ ਕਿਸੇ ਨਾਲ ਵੀ ਸਾਮ੍ਹਣਾ ਨ ਹੋਇਆ। ਆਪ ਰਜ਼ੀ ਅੱਲਾਹ ਅੰਨਹੁ ਨੇ ਜੰਗ ਵਿੱਚ ਮਿਲਣ ਵਾਲੇ ਸਾਰੇ ਸਮਾਨ ਵਿੱਚੋਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਲਈ ਪੰਜਵਾਂ ਹਿੱਸਾ ਵੱਖ ਕਰ ਲਿਆ ਅਤੇ ਬਾਕੀ ਮਾਲ ਸਾਥੀਆਂ ਵਿੱਚ ਵੰਡ ਦਿੱਤਾ। ਹਜ਼ਰਤ ਅਬੂ ਸਲਮਾ ਦੇ ਦਿਹਾਂਤ ਸੰਬੰਧੀ ਲਿੱਖਿਆ ਹੈ ਕਿ ਉਹ ਜੱਦ ਮਦੀਨਾ ਪਰਤੇ ਤਾਂ ਜੰਗੇ ਓਹਦ ਵਿੱਚ ਉਹਨਾਂ ਨੂੰ ਲੱਗਣ ਵਾਲਾਂ ਜ਼ਖਮ ਮੁੜ੍ਹ ਤਾਜ਼ਾ ਹੋ ਗਿਆ। ਜਿਸ ਨਾਲ ਉਹ ਬਿਮਾਰ ਪੈ ਗਏ ਅਤੇ ਉਸੇ ਸਾਲ 03 ਜਮਾਦੀ-ਉੱਲ-ਆਖਿਰ ਨੂੰ ਇਸ ਜਹਾਨ ਨੂੰ ਅਲਵਿਦਾ ਕਹਿ ਗਏ।

ਬਨੂ ਅਸਦ ਦੇ ਸਰਦਾਰ ਤਲਹਾ ਬਿਨ ਖਵੇਲਦ, ਬਾਦ ਵਿੱਚ ਮੁਸਲਮਾਨ ਹੋ ਗਏ। ਪਰ ਫਿਰ ਇਸਲਾਮ ਛੱਡ ਗਏ। ਸਗੋਂ ਨਬੀ ਹੋਣ ਦਾ ਝੂਠਾ ਦਾਅਵਾ ਕਰਕੇ ਫ਼ਸਾਦ ਦਾ ਕਾਰਨ ਬਣੇ। ਪਰ ਹਾਰ ਕੇ ਅਰਬ ਤੋਂ ਨੱਸ ਗਏ ਅਤੇ ਫਿਰ ਕੁੱਝ ਸਮੇਂ ਬਾਦ ਤੋਬਾ ਕਰਕੇ ਇਸਲਾਮੀ ਜੰਗਾਂ ਵਿੱਚ ਭਾਗ ਲੈ ਕੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ ਅਤੇ 21 ਹਿਜਰੀ ਵਿੱਚ ਇੱਕ ਜੰਗ ਵਿੱਚ ਸ਼ਹਾਦਤ ਪ੍ਰਾਪਤ ਕੀਤੀ। ਰੱਬ ਨੇ ਉਨ੍ਹਾਂ ਦਾ ਅੰਤ ਸੰਵਾਰਨ ਸੀ ਤਾਂ ਉਨ੍ਹਾਂ ਨੂੰ ਤੌਫ਼ੀਕ ਮਿਲੀ ਅਤੇ ਇਸਲਾਮ ਕਬੂਲ ਕਰ ਲਿਆ।

ਫਿਰ ਸਰਯਾ ਹਜ਼ਰਤ ਅਬਦੁੱਲਾਹ ਬਿਨ ਅਨੀਸ ਦਾ ਜ਼ਿਕਰ ਹੈ। ਹਜ਼ਰਤ ਅਬਦੁੱਲਾਹ ਬੈਅਤੇ ਉਕਬਾ ਸਾਨੀਆ, ਬਦਰ, ਓਹਦ ਅਤੇ ਹੋਰ ਜੰਗਾਂ ਵਿੱਚ ਸ਼ਾਮਿਲ ਹੋਏ। ਉਹਨਾਂ ਦਾ ਸ਼ਾਮ ਵਿੱਚ 54 ਹਿਜਰੀ ਜਾਂ ਕੁੱਝ ਸਾਖੀਆਂ ਅਨੁਸਾਰ 74 ਹਿਜਰੀ ਵਿੱਚ ਆਕਾਲ ਚਲਾਣਾ ਹੋਇਆ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਨੇ ਮੁਹੱਰਮ 04 ਹਿਜਰੀ ਵਿੱਚ ਇਸ ਮੁਹਿੰਮ ਦੇ ਵਿਸਥਾਰ ਵਿੱਚ ਲਿੱਖਿਆ ਹੈ ਕਿ ਕੁਰੈਸ਼ ਦੇ ਭੜਕਾਉਣ ਉੱਤੇ ਤੇ ਓਹਦ ਵਿੱਚ ਮੁਸਲਮਾਨਾਂ ਦੀ ਕੁੱਝ ਸਮੇਂ ਲਈ ਹਾਰ, ਹੁਣ ਬਹੁਤ ਤੇਜ਼ੀ ਨਾਲ ਆਪਣੇ ਖਤਰਨਾਕ ਨਤੀਜੇ ਪ੍ਰਕਟ ਕਰ ਰਹੀ ਸੀ। ਸੋ, ਉਹਨਾਂ ਦਿਨਾਂ ਵਿੱਚ ਜਿਨ੍ਹਾਂ ਵਿੱਚ ਬਨੂ ਅਸਦ ਨੇ ਮਦੀਨਾ ਉੱਤੇ ਛਾਪਾ ਮਾਰਨ ਦੀ ਤਿਆਰੀ ਕੀਤੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਖਬਰ ਮਿਲੀ ਕਿ ਕਬੀਲਾ ਬਨੂ ਲਹਯਾਨ ਦੇ ਲੋਕ ਆਪਣੇ ਸਰਦਾਰ ਸੁਫ਼ਯਾਨ ਬਿਨ ਖਾਲਿਦ ਦੇ ਜੋਸ਼ ਦਿਲਾਉਣ ਉੱਤੇ ਆਪਣੇ ਦੇਸ਼ ਉਰਨਾ ਵਿੱਚ, ਜੋ ਮੱਕੇ ਤੋਂ ਕਰੀਬ ਇੱਕ ਮੁਕਾਮ ਸੀ। ਇੱਕ ਬਹੁਤ ਵੱਡਾ ਲਸ਼ਕਰ ਜਮ੍ਹਾਂ ਕਰ ਰਹੇ ਹਨ ਅਤੇ ਉਹਨਾਂ ਦਾ ਇਰਾਦਾ ਮਦੀਨਾ ਉੱਤੇ ਹਮਲਾ ਕਰਨ ਦਾ ਹੈ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਜੋ ਬਹੁਤ ਮੌਕਾ ਸਮਝਣ ਵਾਲੇ ਅਤੇ ਵੱਖੋ ਵੱਖ ਅਰਬ ਕਬੀਲਿਆਂ ਅਤੇ ਉਹਨਾਂ ਦੇ ਸਰਦਾਰਾਂ ਦੀ ਤਾਕਤ ਅਤੇ ਪ੍ਰਭਾਵ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਖਬਰ ਦੇ ਮਿਲਦੇ ਹੀ ਸਮਝ ਗਏ ਕਿ ਇਹ ਸਾਰੀ ਸ਼ਰਾਰਤ ਅਤੇ ਫ਼ਸਾਦ ਬਨੂ ਲਹਯਾਨ ਦੇ ਸਰਦਾਰ ਸੁਫ਼ਯਾਨ ਬਿਨ ਖਾਲਿਦ ਦੀ ਹੈ ਅਤੇ ਜੇਕਰ ਇਹ ਵਿਚਕਾਰ ਨ ਰਹੇ ਤਾਂ ਬਨੂ ਲਹਯਾਨ ਮਦੀਨਾ ਉੱਤੇ ਹਮਲਾ ਕਰਨ ਦੀ ਹਿੰਮਤ ਨਹੀ ਕਰ ਸਕਦੇ। ਆਪ ਇਹ ਵੀ ਜਾਣਦੇ ਸਨ ਕਿ ਸੁਫ਼ਯਾਨ ਤੋਂ ਬਿਨਾਂ ਇਸ ਕਬੀਲਾ ਵਿੱਚ ਇਸ ਸਮੇਂ ਕੋਈ ਅਜਿਹਾ ਪ੍ਰਭਾਵੀ ਵਿਅਕਤੀ ਨਹੀ ਹੈ। ਜੋ ਇਸ ਕਿਸਮ ਦੀ ਤਹਰੀਕ ਦਾ ਲੀਡਰ ਬਣ ਸਕੇ। ਸੋ, ਆਪ ਨੇ ਫੌਜੀ ਦਸਤਾ ਭੇਜਣ ਨਾਲ ਗਰੀਬ ਮੁਸਲਮਾਨਾਂ ਨੂੰ ਤਕਲੀਫ ਵਿੱਚ ਪਾਉਣ ਅਤੇ ਦੇਸ਼ ਵਿੱਚ ਹੋਰ ਖੂਨ ਅਤੇ ਲੜ੍ਹਾਈ ਦਾ ਬੂਹਾ ਖੁੱਲਣ ਦੇ ਖਿਆਲ ਨਾਲ ਇਹ ਸੁਝਾਵ

ਦਿੱਤਾ ਕਿ ਕੋਈ ਇੱਕ ਵਿਅਕਤੀ ਜਾਏ ਅਤੇ ਮੌਕਾ ਲੱਭ ਕੇ ਇਸ ਫ਼ਸਾਦ ਦੇ ਬਾਣੀ ਅਤੇ ਇਸ ਸ਼ਰਾਰਤ ਦੀ ਜੜ੍ਹ ਸੁਫ਼ਯਾਨ ਬਿਨ ਖਾਲਿਦ ਨੂੰ ਕਤਲ ਕਰ ਦੇਵੇ। ਸੋ, ਆਪ ਸੱਲਲਾਹੁ ਅਲੈਹਿ ਵੱਸਲਮ ਨੇ ਇਸ ਉਦੇਸ਼ ਲਈ ਅਬਦੁੱਲਾਹ ਬਿਨ ਅਨੀਸ ਅਨੰਸਾਰੀ ਰਜ਼ੀ ਅੱਲਾਹ ਅੰਨਹੁ ਨੂੰ ਭੇਜਿਆ। ਸੋ, ਅਬਦੁੱਲਾਹ ਬਹੁਤ ਸਿਆਣਪ ਨਾਲ ਬਨੂ ਲਹਯਾਨ ਦੇ ਕੈਂਪ ਵਿੱਚ ਪਹੁੰਚ ਗਏ। ਜੋ ਸੱਚੋ ਸੱਚੀ ਮਦੀਨਾ ਉੱਤੇ ਹਮਲਾ ਕਰਨ ਲਈ ਤਿਆਰੀ ਵਿੱਚ ਬਹੁਤ ਸਰਗਰਮੀ ਨਾਲ ਵਿਅਸਥ ਸਨ ਅਤੇ ਰਾਤ ਦੇ ਸਮੇਂ ਮੌਕਾ ਪਾ ਕੇ ਸੁਫ਼ਯਾਨ ਦਾ ਖਾਤਮਾ ਕਰ ਦਿੱਤਾ। ਬਨੂ ਲਹਯਾਨ ਨੂੰ ਇਸ ਦਾ ਪਤਾ ਲੱਗਿਆ ਤਾਂ ਉਹਨਾਂ ਨੇ ਅਬਦੁੱਲਾਹ ਦਾ ਪਿੱਛਾ ਕੀਤਾ। ਪਰ ਉਹ ਲੁੱਕਦੇ ਲੁਕਾਉਂਦੇ ਬਚ ਕੇ ਨਿਕਲ ਗਏ

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਸਾਮ੍ਹਣੇ ਜੱਦ ਅਬਦੁੱਲਾਹ ਆਏ ਤਾਂ ਆਪ ਨੇ ਉਹਨਾਂ ਦੀ ਸ਼ਕਲ ਵੇਖਦੇ ਹੀ ਪਛਾਣ ਲਿਆ ਕਿ ਉਹ ਸਫਲ ਪਰਤੇ ਹਨ। ਸੋ, ਆਪ ਨੇ ਉਹਨਾਂ ਨੂੰ ਵੇਖਦੇ ਹੀ ਫ਼ਰਮਾਇਆ : ਚਿਹਰੇ ਤੋਂ ਸਫ਼ਲ ਨਜ਼ਰ ਆਉਂਦਾ ਹੈ। ਅਬਦੁੱਲਾਹ ਨੇ ਕਿਹਾ ਅਤੇ ਕਿੰਨ੍ਹਾ ਹੀ ਸੋਹਣਾ ਕਿਹਾ : ਹੇ ਅੱਲਾਹ ਦੇ ਰਸੂਲ ! ਸਾਰੀ ਕਾਮਯਾਬੀ ਆਪ ਦੀ ਹੈ। ਉਸ ਸਮੇਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਆਪਣਾ ਹੱਥ ਦਾ ਸੋਟਾ ਇਨਾਮ ਵੱਜੋਂ ਆਪ ਨੂੰ ਦਿੱਤਾ ਅਤੇ ਕਿਹਾ : ਇਹ ਸੋਟਾ ਤੁਹਾਨੂੰ ਸਵਰਗ ਵਿੱਚ ਟੇਕਾ ਲਾਉਣ ਦੇ ਕੰਮ ਆਵੇਗਾ। ਅਬਦੁੱਲਾਹ ਨੇ ਇਹ ਮੁਬਾਰਕ ਸੋਟਾ ਬਹੁਤ ਪ੍ਰੇਮ ਅਤੇ ਸ਼ਰਧਾ ਨਾਲ ਆਪਣੇ ਪਾਸ ਰੱਖਿਆ ਅਤੇ ਮਰਦੇ ਹੋਏ ਵਸੀਅਤ ਕੀਤੀ ਕਿ ਉਸ ਨੂੰ ਨਾਲ ਦਫ਼ਨ ਕਰ ਦਿੱਤਾ ਜਾਵੇ। ਸੋ, ਇੰਝ ਹੀ ਕੀਤਾ ਗਿਆ।

ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਇਸ ਖੁਸ਼ੀ ਨਾਲ ਜਿਸ ਦਾ ਪ੍ਰਕਟਾਵਾ ਆਪ ਨੇ ਅਬਦੁੱਲਾਹ ਦੀ ਸਫ਼ਲ ਵਾਪਸੀ ਉੱਤੇ ਕੀਤਾ ਅਤੇ ਇਸ ਇਨਾਮ ਨਾਲ ਜੋ ਉਹਨਾਂ ਨੂੰ ਗੈਰ-ਮਾਮੂਲੀ ਤੌਰ ਉੱਤੇ ਬਖਸ਼ਿਆ। ਇਹ ਪਤਾ ਲੱਗਦਾ ਹੈ ਕਿ ਆਪ ਸੁਫ਼ਯਾਨ ਬਿਨ ਖਾਲਿਦ ਦੇ ਫ਼ਸਾਦ ਨੂੰ ਬਹੁਤ ਖਤਰਨਾਕ ਖਿਆਲ ਕਰਦੇ ਸਨ ਅਤੇ ਉਸ ਦੇ ਕਤਲ ਨੂੰ ਆਮ ਅਮਨ ਲਈ ਇੱਕ ਰਹਿਮਤ ਵੱਜੋਂ ਸਮਝਦੇ ਸਨ। ਆਪ ਉੱਤੇ ਦੁਸ਼ਮਣ ਆਰੋਪ ਲਾਉਂਦੇ ਹਨ ਕਿ (ਰੱਬ ਦੀ ਪਨਾਹ) ਆਪ ਨੇ ਅਮਨ ਬਰਬਾਦ ਕੀਤਾ ਅਤੇ ਮਨੁੱਖੀ ਜਾਨਾਂ ਦਾ ਖ਼ੂਨ ਕੀਤਾ। ਆਪ ਦੀ ਮਨੁੱਖੀ ਜਾਨ ਦੀ ਕਦਰ ਦਾ ਤਾਂ ਇਹ ਹਾਲ ਸੀ ਕਿ ਦੁਸ਼ਮਣ ਕਬੀਲੇ ਦੇ ਲੋਕਾਂ ਦੀ ਜਾਨ ਬਚਾਉਣ ਲਈ ਇਹ ਇੱਕ ਤਰਕੀਬ ਕੱਢੀ ਕਿ ਇੱਕ ਜਾਨ ਨੂੰ ਕਤਲ ਕਰਨਾ ਚੰਗਾ ਹੈ ਤਾਂ ਕਿ ਉਹਨਾਂ ਦੇ ਬਾਕੀ ਲੋਕ ਬਚ ਜਾਣ। ਇਹ ਮਨੁੱਖੀ ਹਮਦਰਦੀ ਦਾ ਸਰਵੋਚ ਹੈ। ਅੱਜ ਕੱਲ੍ਹ ਦੁਨੀਆਂ ਨੂੰ ਕਤਲ ਕਰਨ ਦੇ ਬਹਾਨੇ ਮਾਸੂਮ ਬੱਚਿਆਂ, ਔਰਤਾਂ ਅਤੇ ਬੁਜ਼ੁਰਗਾਂ ਦਾ ਖ਼ੂਨ ਹੋ ਰਿਹਾ ਹੈ ਅਤੇ ਵੱਡੇ ਢੀਠ ਬਣ ਕੇ ਕਹਿੰਦੇ ਹਨ ਕਿ ਇਹ ਤਾਂ ਜੰਗ ਵਿੱਚ ਹੁੰਦਾ ਹੈ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਤਾਂ ਜੰਗਾਂ ਵਿੱਚ ਵੀ ਇਹ ਆਦੇਸ਼ ਦਿੰਦੇ ਸਨ ਕਿ ਕਿਸੇ ਬੱਚੇ, ਬੁੱਢੇ ਅਤੇ ਧਾਰਮਿਕ ਵਿਅਕਤੀ ਨੂੰ, ਜੋ ਸਿੱਧੇ ਤੌਰ'ਤੇ ਜੰਗ ਵਿੱਚ ਸ਼ਾਮਿਲ ਨਹੀਂ ਹੈ, ਕਤਲ ਨਹੀਂ ਕਰਨਾ। ਸੋ, ਇਹ ਹੈ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਦੀ ਜੀਵਨੀ ਅਤੇ ਇਸਲਾਮੀ ਸਿੱਖਿਆ।

ਇਸ ਦੇ ਬਾਦ ਹਜ਼ੂਰੇ ਅਨਵਰ ਨੇ ਸਰਯਾ ਰਜਿਅ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇਸ ਦਾ ਵਿਸਥਾਰ ਲੰਮਾ ਹੈ। ਇਸ ਲਈ ਅੱਜ ਕੁੱਝ ਹਿੱਸਾ ਪੈਸ਼ ਕਰਾਂਗਾ। ਇਹ ਸਰਯਾ ਸਫ਼ਰ 04 ਹਿਜਰੀ ਦੇ ਸ਼ੁਰੂ ਵਿੱਚ ਰਜਿਅ ਵੱਲ੍ਹ ਪੈਸ਼ ਆਇਆ। ਸਾਡੇ ਰਿਸਰਚ ਸੈੱਲ ਨੇ ਸਰਯਾ ਰਜਿਅ ਸੰਬੰਧੀ ਇੱਕ ਨੋਟ ਦਿੱਤਾ ਹੈ ਅਤੇ ਜੋ ਇਸ ਹਵਾਲੇ ਨਾਲ ਧਿਆਨ ਯੋਗ ਹੈ ਕਿ ਕੁੱਝ ਤਾਰੀਖਾਂ ਦਾ ਇਸ ਵਿੱਚ ਫਰਕ ਪੈਂਦਾ ਹੈ। ਆਮ ਤੌਰ ਉੱਤੇ ਜੀਵਨੀਕਾਰ ਸਰਯਾ ਰਜਿਅ ਦੀ ਤਾਰੀਖ ਸਫ਼ਰ 04 ਹਿਜਰੀ ਲਿੱਖਦੇ ਹਨ ਅਤੇ ਇਸ ਦਾ ਵਿਸਥਾਰ ਇੰਝ ਬਿਆਨ ਕੀਤਾ ਜਾਂਦਾ

ਹੈ ਕਿ ਹਜ਼ਰਤ ਖ਼ੁੱਬੈਬ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਜ਼ੈਦ ਰਜ਼ੀ ਅੱਲਾਹ ਅੰਨਹੁ ਨੂੰ ਮੱਕੇ ਵਿੱਚ ਵੇਚ ਦਿੱਤਾ ਗਿਆ। ਪਰ ਹੁਰਮਤ ਵਾਲੇ ਮਹੀਨੇ ਸ਼ੁਰੂ ਹੋਣ ਕਰਕੇ ਮੱਕੇ ਵਾਲਿਆਂ ਨੇ ਉਹਨਾਂ ਨੂੰ ਕੈਦ ਵਿੱਚ ਰੱਖਿਆ ਅਤੇ ਜੱਦ ਹੁਰਮਤ ਵਾਲੇ ਮਹੀਨੇ ਖਤਮ ਹੋ ਗਏ ਤਾਂ ਉਹਨਾਂ ਦੋਵਾਂ ਨੂੰ ਕਤਲ ਕਰ ਦਿੱਤਾ। ਜੇਕਰ ਇਹ ਸਰਯਾ ਸਫ਼ਰ 04 ਹਿਜਰੀ ਦਾ ਮੰਨਿਆ ਜਾਵੇ ਤਾਂ ਫਿਰ ਇਹ ਕਹਿਣਾ ਕਿ ਹੁਰਮਤ ਵਾਲੇ ਮਹੀਨੇ ਸ਼ੁਰੂ ਹੋ ਗਏ ਸਨ। ਇਹ ਅਕਲ ਦੇ ਉਲਟ ਹੈ। ਇਸ ਲਈ ਠੀਕ ਇਹੀ ਮਲੂਮ ਹੁੰਦਾ ਹੈ ਕਿ ਇਹ ਸਰਯਾ 03 ਹਿਜਰੀ ਸ਼ਵਾਲ ਦੇ ਅੰਤਿਮ ਦਿਨਾਂ ਵਿੱਚ ਹੋਇਆ। ਕਿਉਂਕਿ ਸਫ਼ਰ 04 ਹਿਜਰੀ ਵਿੱਚ ਹਜ਼ਰਤ ਖ਼ੁੱਬੈਬ ਅਤੇ ਹਜ਼ਰਤ ਜ਼ੈਦ ਰਜ਼ੀ ਅੱਲਾਹ ਅੰਨਹੁ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਜੱਦ ਉਹਨਾਂ ਦੀ ਸ਼ਹਾਦਤ ਦੀ ਖਬਰ ਮਦੀਨਾ ਪਹੁੰਚੀ ਤਾਂ ਸਾਖੀਆਂ ਵਿੱਚ ਇਹ ਤਾਰੀਖ ਹਲਕੇ ਹਲਕੇ ਵੱਧ ਪੱਕੀ ਹੋ ਗਈ। ਅੱਲਾਹ ਵੱਧ ਜਾਣਦਾ ਹੈ।

ਇਸ ਸਰਯਾ ਸੰਬੰਧੀ ਲਿੱਖਿਆ ਹੈ ਕਿ ਬਨੂ ਲਹਯਾਨ ਦੇ ਸਰਦਾਰ ਦੇ ਕਤਲ ਕਰਕੇ, ਇਹ ਕਬੀਲਾ ਬਦਲੇ ਦੀ ਅੱਗ ਵਿੱਚ ਭੜ੍ਹਕ ਰਿਹਾ ਸੀ ਅਤੇ ਮੁਸਲਮਾਨਾਂ ਤੋਂ ਬਦਲੇ ਦੇ ਤਰੀਕ ਸੰਬੰਧੀ ਸੋਚ ਰਹੇ ਸਨ। ਸੋ, ਇੱਕ ਮਨਸੂਬੇ ਨਾਲ ਕਬੀਲਾ ਅੱਜ਼ਲ ਅਤੇ ਕਾਰਹ ਦੇ ਕੁੱਝ ਲੋਕ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਕਹਿਣ ਲੱਗੇ ਕਿ ਸਾਡੇ ਕਬੀਲੇ ਵਿੱਚ ਇਸਲਾਮ ਦਾ ਵੱਡਾ ਨਾਂ ਹੈ। ਇਸ ਲਈ ਆਪ ਕੁੱਝ ਲੋਕ ਸਾਡੇ ਨਾਲ ਭੇਜ ਦਿਓ। ਜੋ ਉੱਥੇ ਇਸਲਾਮ ਦੇ ਪ੍ਰਚਾਰ ਦਾ ਕੰਮ ਕਰਨ। ਆਪ ਸੱਲਲਾਹੁ ਅਲੈਹਿ ਵੱਸਲਮ ਨੇ ਉਹਨਾਂ ਦੇ ਨਾਲ ਆਦਮੀ ਭੇਜ ਦਿੱਤੇ। ਜੀਵਨੀ ਦੀ ਕਿਤਾਬਾਂ ਵਿੱਚ 10 ਸਹਾਬੀਆਂ ਦਾ ਜ਼ਿਕਰ ਹੈ। ਪਰ ਨਾਂ ਕੇਵਲ 07 ਸਹਾਬੀਆਂ ਦੇ ਮਿਲਦੇ ਹਨ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਆਸਿਮ ਬਿਨ ਸਾਬਤ ਨੂੰ ਜਾਂ ਮਰਸਦ ਬਿਨ ਅਬੀ ਮਰਸਦ ਨੂੰ ਅਮੀਰ ਬਣਾਇਆ। ਫਿਰ ਅੱਗੇ ਜੋ ਕਿੱਸੇ ਹਨ, ਉਹ ਇੰਸ਼ਾ-ਅੱਲਾਹ ਅੱਗੇ ਬਿਆਨ ਕਰਾਂਗਾ।

ਖੁਤਬਾ ਜੁਮਆ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ : ਅੱਜ ਮੈਂ ਫਿਰ ਯਮਨ ਦੇ ਕੈਦੀਆਂ ਲਈ ਖਾਸ ਤੌਰ ਉੱਤੇ ਦੁਆ ਲਈ ਕਹਿਣਾ ਚਾਹੁਣਾ ਹਾਂ। ਖਾਸ ਤੌਰ ਉੱਤੇ ਉਹਨਾਂ ਲਈ ਜੋ ਉੱਥੇ ਦੀ ਸਦਰ ਲੱਜਨਾ ਵੀ ਹਨ। ਉਹਨਾਂ ਨੂੰ ਬਹੁਤ ਮੁਸ਼ਕਿਲ ਵਿੱਚ ਰੱਖਿਆ ਹੋਇਆ ਹੈ। ਕੈਦ ਵਿੱਚ ਰੱਖਿਆ ਹੋਇਆ ਹੈ ਅਤੇ ਕੁੱਝ ਹੋਰ ਵੀ ਜੋ ਉਹਨਾਂ ਦੀ ਗੱਲ੍ਹ ਮੰਨਨ ਲਈ ਤਿਆਰ ਨਹੀਂ। ਉਹਨਾਂ ਨੂੰ ਵੀ ਕੈਦ ਕੀਤਾ ਹੋਇਆ ਹੈ। ਉਹਨਾਂ ਲਈ ਖਾਸ ਦੁਆ ਕਰੋ ਕਿ ਰੱਬ ਉਹਨਾਂ ਦੀ ਆਜ਼ਾਦੀ ਦੇ ਸਮਾਨ ਪੈਦਾ ਕਰੇ।

ਪਾਕਿਸਤਾਨ ਦੇ ਕੈਦੀਆਂ ਦੀ ਆਜ਼ਾਦੀ ਲਈ ਵੀ ਦੁਆ ਕਰੋ। ਫਲਸਤੀਨੀਆਂ ਲਈ ਵੀ ਦੁਆ ਕਰੋ। ਹਾਲਾਤ ਲੱਗਦਾ ਹੈ ਕਿ ਚੰਗੇ ਹੋ ਰਹੇ ਹਨ। ਫਿਰ ਖਰਾਬ ਹੋ ਜਾਂਦੇ ਹਨ। ਇਸਰਾਈਲੀ ਹਕੂਮਤ ਅੜਹਿਲਪੁਣੇ ਨਾਲ ਕੰਮ ਲੈ ਰਹੀ ਹੈ। ਰੱਬ ਉਹਨਾਂ ਨੂੰ, ਉਹਨਾਂ ਦੇ ਜ਼ੁਲਮ ਤੋਂ ਜਲਦ ਮੁਕਤੀ ਬਖਸ਼ੇ ਅਤੇ ਮੁਸਲਮਾਨਾਂ ਨੂੰ ਵੀ ਆਪਣਾ ਹੱਕ ਅਦਾ ਕਰਨ ਦੀ ਤੌਫ਼ੀਕ ਬਖਸ਼ੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ
اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ